# ਚੋਰੀ ਦੀ ਰੋਕ-ਥਾਮ

ਮਾਲਕ-ਮੈਨੇਜਰ ਚੋਰੀ ਕਾਰਨ  ਕਾਫੀ ਪੈਸਾ ਗੁਆ ਸਕਦਾ ਹੈ।ਚੋਰੀ ਕਈ ਤਰ੍ਹਾਂ ਨਾਲ ਹੋ ਸਕਦੀ ਹੈ ਜਿਵੇਂ ਕਿ ਕਰਮਚਾਰੀਆਂ ਦੁਆਰਾ ਘੋਟਾਲਾ/ਉਠਾਈਗਿਰੀ, ਦੁਕਾਨ ਤੋਂ ਚੁਕਣਾ , ਚੋਰੀ ਅਤੇ ਡਕੈਤੀ ਤੋਂ ਨੁਕਸਾਨ।ਰੋਕ-ਥਾਮ  ਦੀ ਸ਼ੁਰੂਆਤ ਛੋਟੇ ਦੁਕਾਨਦਾਰਾਂ ਤੋਂ ਹੋਣੀ ਚਾਹੀਦੀ ਹੈ।ਤੁਸੀਂ ਆਪਣੇ ਗੁਦਾਮ  ਦੀ ਸੁਰੱਖਿਆ ਦੇ ਲਈ ਕਈ ਤਰੀਕੇ ਅਪਣਾ ਸਕਦੇ ਹੋ।ਭਾਂਵੇ ਕਿ ਤੁਸੀਂ ਚੋਰੀ ਨੂੰ ਪੂਰੀ ਤਰ੍ਹਾਂ ਨਾਲ ਬੰਦ ਨਹੀਂ ਕਰ ਸਕਦੇ, ਤੁਸੀਂ ਕੁੱਝ  ਠੋਸ ਕਦਮ ਚੁੱਕ ਕੇ ਉਸ ਨੂੰ ਘੱਟ ਤੋਂ ਘੱਟ ਕਰ ਸਕਦੇ ਹੋ।

## ਕਰਮਚਾਰੀਆਂ ਦੁਆਰਾ ਘੋਟਾਲਾ/ਉਠਾਈਗਿਰੀ ਦੀ ਰੋਕ-ਥਾਮ ਲਈ ਕਦਮ

- ਇੱਕ ਸੱਭ ਤੋਂ ਜ਼ਿਆਦਾ ਮਹੱਤਵਪੂਰਨ ਕੰਮ ਜੋ ਇੱਕ ਮਾਲਕ-ਮੈਨੇਜਰ ਕਰ ਸਕਦਾ ਹੈ ਉਹ ਹੈ ਇੱਕ ਵਧੀਆ ਉਦਾਹਰਣ ਸਥਾਪਿਤ ਕਰਨਾ। ਜੋ ਵੀ ਤੁਸੀਂ ਕਰਦੇ ਹੋ ਤੁਹਾਡੇ ਕਰਮਚਾਰੀ ਤੁਹਾਨੂੰ ਦੇਖਦੇ ਹਨ ਅਤੇ ਚੰਗੀਆਂ ਤੇ ਬੁਰੀਆਂ ਦੋਵਾਂ ਦੀਆਂ ਨਕਲਾਂ ਕਰਨ ਦੀ ਇੱਛਾ ਰੱਖਦੇ ਹਨ।
- ਸੰਭਾਵਿਤ ਕਰਮਚਾਰੀਆਂ ਦਾ ਪਿਛੋਕੜ ਚੈੱਕ ਕਰੋ।ਕਈ ਵਾਰ ਤੁਸੀਂ ਕੁੱਝ  ਫੋਨ ਕਰਕੇ ਜਾਂ ਕੁੱਝ ਚਿੱਠੀਆਂ ਲਿੱਖ ਕੇ ਆਪਣੀ ਤਸੱਲੀ   ਕਰ ਸਕਦੇ ਹੋ।
- ਆਪਣੇ ਕਰਮਚਾਰੀਆਂ ਨੂੰ ਇੰਨੀ ਚੰਗੀ ਤਰ੍ਹਾਂ ਜਾਨਣ ਦੀ ਕੋਸ਼ਿਸ਼ ਕਰੋ ਕਿ ਤੁਸੀਂ ਉਹਨਾਂ ਦੀ ਆਰਥਿਕ ਅਤੇ ਦੂਜੀਆਂ ਨਿਜੀ ਔਕੜਾਂ ਨੂੰ ਭਾਂਪ ਸਕੋ।ਉਹਨਾਂ ਨਾਲ ਇੰਨਾ ਆਪਣਾ-ਪਣ  ਵਧਾਓ ਕਿ ਉਹ ਆਪ ਅਜਿਹੀਆਂ ਗੱਲਾਂ ਤੁਹਾਡੇ ਨਾਲ ਖੁੱਲ੍ਹ ਕੇ ਅਤੇ ਵਿਸ਼ਵਾਸ ਦੇ ਨਾਲ ਕਰ ਸਕਣ।
- ਇਹ ਦੇਖੋ ਕਿ ਤੁਹਾਡੀ ਜਾਂ ਕੰਪਨੀ ਦੇ ਜ਼ਿੰਮੇਵਾਰ ਅਫਸਰ ਦੀ ਇਜਾਜ਼ਤ ਦੇ ਬਿਨ੍ਹਾਂ ਪੇਅਰੋਲ ਤੇ ਕੋਈ ਨਾ ਰੱਖਿਆ ਜਾਵੇ।
- ਦੈਨਿਕ ਨਕਦ ਦੇ ਡਿਪੋਜ਼ਿਟ ਜਾਂ ਤਾਂ ਆਪ ਤਿਆਰ ਕਰੋ ਜਾਂ ਕਰਮਚਾਰੀ ਦੁਆਰਾ ਕੀਤੇ ਗਏ ਡਿਪੋਜ਼ਿਟ ਦੀ ਤੁਲਨਾ ਕੰਪਨੀ ਵਿੱਚ ਆਏ ਨਕਦ ਅਤੇ ਚੈੱਕਾਂ ਦੇ ਰਿਕਾਰਡ ਦੇ ਨਾਲ ਕਰੋ।ਬੈਂਕ ਜਾਣ ਦੀ ਆਦਤ ਬਣਾ ਲਵੋ ਅਤੇ ਜਿੰਨਾਂ ਜ਼ਿਆਦਾ ਹੋ ਸਕਦੇ ਆਪ ਹੀ ਡਿਪੋਜ਼ਿਟ ਕਰਿਆ ਕਰੋ।
- ਰੱਦ ਚੈੱਕ ਅਤੇ ਇਨਡੋਰਸਮੈਂਟ ਨੂੰ ਆਪ ਹੀ ਜਾਂਚੋ ਅਤੇ ਦੇਖੋ ਕਿ ਕੁੱਝ  ਅਸਧਾਰਣ ਗੱਲ ਤਾਂ ਨਹੀਂ ਹੈ।ਇਹੀ ਗੱਲ ਪੇਅਰੋਲ ਦੀ ਜਾਂਚ ਲਈ ਵੀ ਲਾਗੂ ਹੁੰਦੀ ਹੈ।
- ਨਿਸ਼ਚਿਤ ਕਰੋ ਕਿ ਅਜਿਹਾ ਕਰਮਚਾਰੀ ਜਿਸ ਦੇ ਹੱਥਾਂ 'ਤੋਂ ਘੋਟਾਲੇ ਦੀ ਸੰਭਾਵਨਾ ਹੋਵੇ ਪੂਰੀ ਤਰ੍ਹਾਂ ਨਾਲ ਬੰਧੂਆ  ਹੈ ।ਆਪਣੇ ਕਰਮਚਾਰੀਆਂ ਨੂੰ ਦਸ ਦਿਓ ਕਿ ਇਮਾਨਦਾਰੀ ਦਾ ਧਿਆਨ ਰੱਖਣਾ  ਕੰਪਨੀ ਦੀ ਨੀਤੀ ਹੈ ਅਤੇ ਨਾ ਕਿ ਕਰਮਚਾਰੀਆਂ ਉੱਤੇ ਵਿਸ਼ਵਾਸ ਦੀ ਕਮੀ।
- ਇਹ ਦੇਖਣ ਲਈ ਕਿ ਸੱਭ ਠੀਕ ਚੱਲ ਰਿਹਾ ਹੈ ਅਤੇ ਤੁਹਾਡੀ ਅੰਦਰੂਨੀ ਕਾਬੂ ਰੱਖਣ ਦੀ ਯੋਜਨਾ ਵੀ ਠੀਕ ਢੰਗ ਨਾਲ ਕੰਮ ਕਰ ਰਹੀ ਹੈ ਅਕਾਊਂਟਿੰਗ ਦੇ ਰਿਕਾਰਡਜ਼ ਅਤੇ ਅਸਾਸਿਆਂ ਨੂੰ ਵਿੱਚ-ਵਿੱਚ ਜਾਂਚਦੇ ਰਹੋ ।
- ਅਸਧਾਰਣ ਛੋਟਾਂ ਅਤੇ ਭੈੜੇ ਕਰਜ਼ਿਆਂ ਨੂੰ ਮਾਫ ਕਰਨ  ਦੀ ਇਜਾਜ਼ਤ ਆਪ ਦੇਵੋ।ਵੇਚ-ਵਾਪਸੀ  ਅਤੇ ਭੱਤਿਆਂ  ਦੇ ਕਾਗਜ਼-ਪੱਤਰ ਆਪ ਚੈੱਕ ਕਰੋ ਅਤੇ ਕਰੈਡਿਟ ਮੈਮੋ ਦੀ ਇਜਾਜ਼ਤ ਵੀ ਆਪ ਹੀ ਦੇਵੋ।
- ਚੈੱਕ ਤੇ  ਹਸਤਾਖਰ ਕਰਨ ਦੀ ਜ਼ਿੰਮੇਵਾਰੀ ਅਤੇ ਨਕਦ ਖਰਚ ਕਰਨ ਦਾ ਅਧਿਕਾਰ ਦੂਜਿਆਂ ਨੂੰ ਜਦੋਂ ਤੱਕ ਕਿ ਬਹੁਤ ਜ਼ਿਆਦਾ ਜ਼ਰੂਰੀ ਨਾ ਹੋਵੇ ਨਾ ਦੇਵੋ  ਅਤੇ ਬਿਨ੍ਹਾਂ ਉਚਿਤ ਕਾਗਜ਼ਾਂ ਦੇ ਅਤੇ ਮੁਢੱਲੀ ਜਾਣਕਾਰੀ ਦੇ ਕੋਈ ਵੀ ਅਦਾਇਗੀ ਨੂੰ ਮਨਜ਼ੂਰ ਨਾ ਕਰੋ।

- ਚੈੱਕ ਤੇ  ਹਸਤਾਖਰ ਕਰਨ ਤੋਂ ਪਹਿਲਾਂ ਸਾਰੀਆਂ ਇਨਵਾਈਸਾਂ ਅਤੇ ਉਹਨਾਂ ਦੀ ਜ਼ਰੂਰੀ ਜਾਣਕਾਰੀ ਜ਼ਰੂਰ ਜਾਂਚੋ। ਇਹ ਪੱਕਾ ਕਰੋ ਕਿ ਸਾਰਾ ਮਾਲ ਅਸਲ ਵਿੱਚ ਮਿਲ ਗਿਆ ਸੀ  ਅਤੇ ਉਸ ਦੀ ਕੀਮਤ ਉਚਿਤ ਲੱਗਦੀ ਹੈ।
- ਜਦੋਂ ਤੁਸੀਂ ਚੈੱਕ ਤੇ  ਹਸਤਾਖਰ ਕਰੋਂ ਉਸ ਵੇਲੇ ਸਾਰੀਆਂ ਇਨਵਾਈਸਾਂ ਨੂੰ ਆਪ ਹੀ ਰੱਦ ਕਰੋ ਤਾਂ ਕਿ ਭੁੱਲ ਕੇ ਜਾਂ ਹੋਰ ਕਿਸੀ ਕਾਰਨ ਕਰਕੇ ਉਸ ਦੀ ਅਦਾਇਗੀ ਦੁਬਾਰਾ ਨਾ ਹੋਵੇ।
- ਕੋਰੇ ਚੈੱਕ ਤੇ ਕਦੇ  ਹਸਤਾਖਰ ਨਾ ਕਰੋ। ਜਦੋਂ ਤੁਸੀਂ ਛੁੱਟੀ ਤੇ ਜਾਵੋਂ ਉਦੋਂ ਕੋਰੇ ਚੈੱਕ ਤੇ  ਹਸਤਾਖਰ ਕਰਕੇ ਪਿੱਛੇ ਨਾ ਛੱਡਦੇ ਜਾਵੋ।
- ਇਹ ਪੱਕਾ ਕਰਨ ਲਈ ਕਿ ਕਿਤੇ ਕਿਤਾਬਾਂ ਦੇ ਪਿੱਛੇ ਤੋਂ ਚੈੱਕ ਜਾਂ ਫਾਰਮ ਨਿਕਾਲ ਕੇ ਧੋਖੇ ਦੀ ਸਾਜਿਸ਼ ਵਿੱਚ ਤਾਂ ਨਹੀਂ ਵਰਤੇ ਜਾ ਰਹੇ।ਪਹਿਲਾਂ ਤੋਂ ਨੰਬਰ ਕੀਤੀਆਂ ਹੋਈਆਂ ਚੈੱਕ-ਬੁੱਕਾਂ ਅਤੇ ਫਾਰਮਾਂ ਨੂੰ ਵਿੱਚ-ਵਿੱਚ ਜਾਂਚਦੇ ਰਹੋ
- ਪੇਅਰੋਲ ਦੀ ਤਿਆਰੀ ਅਤੇ ਉਸਦੀ ਅਸਲੀ ਅਦਾਇਗੀ ਅਲੱਗ-ਅਲੱਗ ਵਿਅਕਤੀਆਂ ਤੋਂ ਕਰਵਾਓ ਖਾਸ ਕਰਕੇ ਜਦੋਂ ਉਸ ਵਿੱਚ ਨਕਦ ਸ਼ਾਮਿਲ ਹੋਵੇ।
- ਉਸ ਵਿਕਰੀ ਕਰਮਚਾਰੀ ਤੇ ਖਾਸ ਧਿਆਨ ਦੇਵੋ ਜਿਸ ਦੇ ਨਿਜੀ ਦੋਸਤ ਉਸ ਨਾਲ ਬਹੁਤ ਜ਼ਿਆਦਾ ਮਿਲਣ ਆਉਂਦੇ ਹਨ।ਕੇਸ਼ੀਅਰ ਅਤੇ ਗਾਹਕ ਦੇ ਵਿੱਚ ਸਿਰ ਹਿਲਾਉਣ ਅਤੇ ਅੱਖ ਮਾਰਨ ਆਦਿ ਵਰਗੇ ਇਸ਼ਾਰਿਆਂ ਤੇ ਪੂਰੀ ਨਿਗਰਾਨੀ ਰੱਖੋ।
- ਕੇਸ਼ੀਅਰ ਤੇ ਵਿਸ਼ੇਸ਼ ਧਿਆਨ ਦੇਵੋ ਜੇਕਰ ਉਸ ਦੇ ਆਸ-ਪਾਸ ਲੋਕਾਂ ਦਾ ਝੁੰਡ ਜ਼ਿਆਦਾ ਹੋਵੇ।ਉਹਨਾਂ ਚੀਜ਼ਾਂ ਤੇ ਨਜ਼ਰ ਰੱਖੋ ਜੋ ਕੇਸ਼ੀਅਰ ਦੁਆਰਾ ਬਿਨ੍ਹਾਂ ਪੈਸਾ ਲਿਆਂ ਛੱਡ ਦਿੱਤੀਆਂ ਜਾਂਦੀਆਂ ਹਨ।
- ਪ੍ਰਾਪਤ ਕਰਨ ਵਾਲੇ ਦਰਵਾਜ਼ੇ ਜਾਂ ਪ੍ਰਵੇਸ਼ ਦੁਆਰ ਦੇ ਕੋਲ ਗੱਡੀ ਪਾਰਕ ਕਰਨ ਤੋਂ ਕਰਮਚਾਰੀਆਂ ਨੂੰ ਮਨ੍ਹਾਂ ਕਰੋ।ਜਦੋਂ ਵਰਤਿਆ ਨਾ ਜਾਵੇ ਉਦੋਂ ਪ੍ਰਾਪਤ ਕਰਨ ਵਾਲੇ ਦਰਵਾਜ਼ੇ ਨੂੰ ਜਿੰਦਾ ਲਾ ਕੇ ਰੱਖੋ।ਉਸ ਨੂੰ ਸਿਰਫ ਸੁਪਰਵਾਈਜ਼ਰ ਦੁਆਰਾ ਖੋਲ੍ਹਿਆ ਜਾਣਾ ਚਾਹੀਦਾ ਹੈ ਜੋ ਉਸਦੇ ਜਿੰਦਾ ਲੱਗਣ ਤੱਕ ਵੀ ਉੱਥੇ ਮੌਜੂਦ ਰਹਿੰਦਾ ਹੈ।
- ਚੋਰੀ ਕਰਦੇ ਹੋਏ ਫੜੇ ਗਏ ਕਰਮਚਾਰੀਆਂ ਤੇ ਮੁਕੱਦਮਾ ਚਲਾਓ।ਸਿਰਫ ਚੋਰੀ ਦਾ ਮਾਲ ਵਾਪਸ ਕਰਨ ਤੇ ਜਾਂ ਮਾਫੀ ਮੰਗਣ ਤੋਂ ਸ਼ਾਂਤ ਹੋ ਜਾਣਾ ਅੱਗੇ ਚੋਰੀ ਕਰਨ ਨੂੰ ਵਧਾਵਾ ਦੇਣਾ ਹੈ।
- ਸਕਿਉਰਟੀ ਗਾਰਡ ਨੂੰ ਅੱਗੇ-ਪਿੱਛੇ ਬਦਲਦੇ ਰਹੋ ਤਾਂ ਕਿ ਕਰਮਚਾਰੀਆਂ ਦੇ ਨਾਲ ਜ਼ਿਆਦਾ ਮੇਲ ਜੋਲ ਨਾ ਵੱਧ ਸਕੇ  ਜੋ ਕਿ ਗਾਰਡ ਦੀ ਜਾਗਰੂਕਤਾ ਵਿੱਚ ਕਮੀ ਲਿਆ ਸਕਦੀ ਹੈ।

## ਦੁਕਾਨ ਵਿਚੋਂ ਚੀਜ਼ਾ ਚੁੱਕਣ ਦੀ ਰੋਕ-ਥਾਮ ਲਈ ਕਦਮ

- ਆਪਣੇ ਕਰਮਚਾਰੀਆਂ ਨੂੰ ਸਿਖਲਾਈ ਦੇਵੋ ਤਾਂ ਕਿ ਉਹ ਚੀਜ਼ਾ ਚੁੱਕਣ ਵਾਲਿਆਂ ਦੇ ਸੰਕੇਤਾਂ ਦੇ ਪ੍ਰਤੀ ਚੌਕੰਨੇ ਰਹਿ ਸਕਣ।ਉਹਨਾਂ ਨੂੰ ਅਜਿਹੀਆਂ ਛੁਪਾਉਣ ਵਾਲੀਆਂ ਚੀਜ਼ਾਂ ਤੇ ਨਜ਼ਰ ਰੱਖਣੀ ਚਾਹੀਦੀ ਹੈ ਜਿਵੇਂ ਕਿ ਕਾਫੀ ਵੱਡੇ ਪੈਕੇਜ, ਪੌਕਿਟ ਬੁੱਕ, ਬੇਬੀ ਕੈਰੇਜ, ਸ਼ੌਪਿੰਗ ਬੈਗ, ਛੱਤਰੀਆਂ, ਅਤੇ ਅਖਬਾਰ।
- ਅਜਿਹੇ ਖਰੀਦਾਰਾਂ ਤੇ ਨਜ਼ਰ ਰੱਖੋ ਜੋ ਗੈਰ ਕੁਦਰਤੀ ਕਦਮ ਲੈ ਕੇ ਭਟਕ ਰਹੇ ਹਨ, ਇੱਕ ਹੀ ਹਿੱਸੇ ਵਿੱਚ ਜ਼ਿਆਦਾ ਦੇਰ ਰੁੱਕ ਰਹੇ ਹਨ, ਭੰਡਾਰ ਕਮਰੇ ਜਾਂ ਹੋਰ ਪਾਬੰਦ ਹਿੱਸੇ ਵਿੱਚ ਘੁੰਮ ਰਹੇ ਹਨ, ਬਿਨ੍ਹਾਂ ਮਕਸਦ ਦੇ ਸਟੋਰ ਵਿੱਚ ਟਹਿਲ ਰਹੇ ਹਨ, ਜਾਂ ਅਜਿਹੇ ਗਾਹਕ ਜੋ ਖਾਸ ਉਸ ਸਮੇਂ ਖਰੀਦਦਾਰੀ ਕਰਦੇ ਹਨ ਜਦੋਂ ਦੁਕਾਨ ਵਿੱਚ ਘੱਟ ਕਰਮਚਾਰੀ ਹੋਣ।ਇਸ ਤੋਂ ਇਲਾਵਾ ਅਜਿਹੇ ਵੀ ਗਾਹਕਾਂ ਦਾ ਧਿਆਨ ਰੱਖੋ ਜੋ ਤੁਹਾਡੇ ਤੇ ਨਜ਼ਰ ਰੱਖਦੇ ਹਨ।ਜੇਕਰ ਗਾਹਕ ਤੁਹਾਨੂੰ ਜਾਂ ਦੂਜੇ ਕਰਮਚਾਰੀਆਂ ਨੂੰ ਦੇਖ ਰਹੇ ਹਨ ਕਿ ਤੁਸੀਂ ਸਟੋਰ ਵਿੱਚ ਕਿੱਥੇ ਹੋਂ, ਤਾਂ ਇਸ ਦਾ ਮਤਲਬ ਹੈ ਕਿ ਉਹਨਾਂ ਦੇ ਕੁੱਝ ਕਰਨ ਦੀ ਸੰਭਾਵਨਾ ਹੈ।

- ਸਟੋਰ ਦਾ ਖਾਕਾ ਚੋਰੀ ਦੀ ਰੋਕ-ਥੰਮ ਨੂੰ ਧਿਆਨ ਵਿੱਚ ਰੱਖ ਕੇ ਬਣਾਓ। ਸਟੋਰ ਦੇ ਸਾਰੇ ਭਾਗਾਂ ਵਿੱਚ ਕਾਫੀ ਰੌਸ਼ਨੀ ਰੱਖੋ, ਕਿਨਾਰੇ ਦੇ ਡਿਸਪਲੇਅ ਵਿੱਚ ਰੌਸ਼ਨੀ ਘੱਟ ਰੱਖੋ ਤਾਂ ਕਿ ਉਹ ਠੀਕ ਢੰਗ ਨਾਲ ਦਿਖਾਈ ਦੇਣ।ਛੋਟੀਆਂ ਪਰ ਜ਼ਿਆਦਾ ਕੀਮਤ ਵਾਲੀਆਂ ਚੀਜ਼ਾਂ ਕਾਊਂਟਰ ਦੇ ਪਿੱਛੇ ਜਾਂ ਜਿੰਦੇ ਵਾਲੇ ਕੇਸ ਵਿੱਚ ਰੱਖੋ ਜਿਸ ਦੇ ਨਾਲ ਵਿਕਰੀ ਕਲਰਕ ਡਿਊਟੀ ਤੇ ਹੋਵੇ।ਬਿਨ੍ਹਾਂ ਜਿੰਦੇ ਵਾਲੇ ਬਾਹਰ ਨਿਕਲਣ ਵਾਲੇ ਦਰਵਾਜ਼ਿਆਂ ਤੇ ਅਵਾਜ਼ ਦਾ ਅਲਾਰਮ ਲਗਾਓ, ਅਤੇ ਉਪਯੋਗ ਵਿੱਚ ਨਾ ਆਉਣ ਵਾਲੇ ਚੈੱਕ-ਆਉਟ ਦੇ ਰਾਸਤਿਆਂ ਨੂੰ ਬੰਦ ਕਰ ਦੇਵੋ।
- ਸੁਰੱਖਿਆ ਕਰਮਚਾਰੀਆਂ ਅਤੇ ਮਸ਼ੀਨਰੀ ਦੀ ਵਰਤੋਂ ਕਰੋ। ਵਰਦੀ ਵਾਲੇ ਗਾਰਡ ਦੇਖ ਕੇ ਚੀਜ਼ਾ ਚੁੱਕਣ ਵਾਲਿਆਂ ਡਰ ਜਾਂਦੇ ਹਨ।ਚੀਜ਼ਾਂ ਜੋ ਵਰਤੀਆਂ ਜਾ ਸਕਦੀਆਂ ਹਨ ਉਹ ਹਨ : ਦੋ ਤਰਫੇ ਸ਼ੀਸ਼ੇ, ਲੁੱਕ ਕੇ ਦੇਖਣ ਵਾਲੀਆਂ ਮੋਰੀਆਂ, ਕਲੋਜ਼ਡ ਸਰਕੇਟ ਟੈਲੀਵੀਜ਼ਨ, ਆਦਿ।

## ਚੋਰੀ ਅਤੇ ਡਕੈਤੀ ਦੇ ਨੁਕਸਾਨਾਂ ਦੀ ਰੋਕ-ਥਾਮ ਦੇ ਕਦਮ

- ਆਪਣੇ ਦਰਵਾਜ਼ਿਆਂ ਤੇ ਸਹੀ ਕਿਸਮ ਦਾ ਜਿੰਦਾ ਜ਼ਰੂਰ ਵਰਤੋ।ਆਮ ਚੋਰੀ ਦੀ ਬੀਮਾ ਪੋਲਿਸੀ ਦੇ ਅਧੀਨ ਬੀਮੇ ਦਾ ਪੈਸਾ ਵਸੂਲ ਕਰਨ ਲਈ ਜ਼ਬਰਦਸਤੀ ਦੇ ਦਾਖਲੇ ਦਾ ਸਬੂਤ ਹੋਣਾ ਜ਼ਰੂਰੀ ਹੁੰਦਾ ਹੈ।
- ਧਿਆਨ ਰੱਖੋ ਕਿ ਚੋਰਾਂ ਦੇ ਹੱਥਾਂ ਵਿੱਚ ਤੁਹਾਡੀਆਂ ਚਾਬੀਆਂ ਨਾ ਲੱਗਣ,ਜਿਨਾਂ ਹੋ ਸਕੇ ਘੱਟ ਤੋਂ ਘੱਟ ਚਾਬੀਆਂ ਵੰਡੋਂ। ਵੰਡੀਆਂ ਹੋਈਆਂ ਚਾਬੀਆਂ ਦਾ ਰਿਕਾਰਡ ਰੱਖੋ। ਜਦੋਂ ਵੀ ਕੋਈ ਚਾਬੀ ਗੁੰਮ ਜਾਵੇ ਜਾਂ ਕੋਈ ਕਰਮਚਾਰੀ ਬਿਨ੍ਹਾਂ ਚਾਬੀ ਵਾਪਸ ਆ ਜਾਵੇ, ਤੁਹਾਡੀ ਨੌਕਰੀ ਛੱਡ ਦੇਵੇ ਤਾਂ ਸਟੋਰ ਦੇ ਜਿੰਦੇ ਬਦਲ ਦਿਓ।
- ਸਟੋਰ ਵਿੱਚ ਸ਼ਾਂਤ ਸੈਂਟਰਲ ਸਟੇਸ਼ਨ ਬਰਗਲਰੀ ਅਲਾਰਮ ਸਿਸਟਮ ਲਗਾਓ ਜਿਸ ਤੋਂ ਤੁਹਾਡੇ ਸਟੋਰ ਨੂੰ ਸਰਵਉੱਤਮ ਸੁਰੱਖਿਆ ਮਿਲੇਗੀ। ਉਸ ਦਾ ਕਾਰਣ : ਸ਼ਾਂਤ ਅਲਾਰਮ ਦਾ ਪਤਾ ਚੋਰ ਨੂੰ ਨਹੀਂ ਲੱਗਦਾ ਜਦੋਂ ਕਿ ਸਟੋਰ ਤੋਂ ਬਾਹਰ ਲੱਗੇ ਸਾਇਰਨ ਜਾਂ ਬੈੱਲ ਵਰਗੇ ਸਥਾਨਕ ਅਲਾਰਮ ਚੋਰ ਨੂੰ ਚੌਕੰਨਾ ਕਰ ਦਿੰਦੇ ਹਨ।
- ਸਟੋਰ ਨੂੰ ਰੌਸ਼ਨੀ ਨਾਲ ਭਰ ਦੇਵੋ। ਸਟੋਰ ਦੇ ਬਾਹਰ ਦੀ ਰੌਸ਼ਨੀ ਵੀ ਚੋਰੀ ਨੂੰ ਰੋਕਣ ਦਾ ਇੱਕ ਤਰੀਕਾ ਹੈ। ਸਟੋਰ ਦੀ ਲੱਗਭੱਗ ਸਾਰੀਆਂ ਸੰਨ੍ਹ-ਮਾਰੀ ਦੀਆਂ ਘਟਨਾਵਾਂ ਰਾਤ ਦੇ ਸਮ੍ਹੇਂ ਹੁੰਦੀਆਂ ਹਨ। ਹਨ੍ਹੇਰਾ ਚੋਰ ਨੂੰ ਲੁਕਾਉਂਦਾ ਹੈ ਅਤੇ ਉਸਨੂੰ ਆਪਣਾ ਕੰਮ ਕਰਨ ਦਾ ਮੌਕਾ ਦਿੰਦਾ ਹੈ।
- ਸਟੋਰ ਦੇ ਅੰਦਰ ਚੰਗੀ ਰੌਸ਼ਨੀ ਲਗਾਓ। ਜਦੋਂ ਸਟੋਰ ਦੇ ਅੰਦਰ ਰੌਸ਼ਨੀ ਹੁੰਦੀ ਹੈ ਉਦੋਂ ਪੁਲਿਸ ਵਾਲੇ ਸਟੋਰ ਅੰਦਰ ਦੇ ਲੋਕਾਂ ਨੂੰ ਚੰਗੀ ਤਰ੍ਹਾਂ ਦੇਖ ਸਕਦੇ ਹਨ ਜਾਂ ਚੋਰਾਂ ਦੁਆਰਾ ਕੀਤੀ ਗਈ ਹੇਰ-ਫੇਰ ਨੂੰ ਵੀ ਦੇਖ ਸਕਦੇ ਹਨ।
- ਵਿੰਡੋ ਡਿਸਪਲੇਜ਼ ਦੀ ਵਰਤੋਂ ਕਰੋ ਤਾਂ ਕਿ ਪੁਲਿਸ ਪੈਟਰੋਲ ਸਟੋਰ ਦੇ ਅੰਦਰ ਦੇਖ ਸਕਣ।
- ਨਿਸ਼ਚਿਤ ਕਰੋ ਕਿ ਜਿਸ ਤਜੌਰੀ ਵਿੱਚ ਤੁਸੀਂ ਆਪਣਾ ਪੈਸਾ ਜਾਂ ਹੋਰ ਕੀਮਤੀ ਚੀਜ਼ਾਂ ਰੱਖਦੇ ਹੋ ਇੰਨ੍ਹਾ ਮਜ਼ਬੂਤ ਹੋਵੇ ਕਿ ਚੋਰਾਂ ਨੰ ਰੋਕ ਸਕੇ।
- ਆਪਣੀ ਤਜੌਰੀ ਨੂੰ ਸਹੀ ਜਗ੍ਹਾ ਲਗਾਓ। ਜੇਕਰ ਤਜੌਰੀ ਗੁਦਾਮ ਦੇ ਪਿੱਛੇ ਜਾਂ ਸੜ੍ਹਕ ਤੋਂ ਨਾ ਦਿਖਾਈ ਦੇਣ ਵਾਲੀ ਜਗ੍ਹਾ ਤੇ ਰੱਖਿਆ ਹੋਵੇ ਤਾਂ ਚੋਰੀ ਨੂੰ ਆਕਰਸ਼ਿਤ ਕਰਦਾ ਹੈ। ਪੁਲਿਸ ਦੀ ਸਲਾਹ ਹੈ ਕਿ ਤਜੌਰੀ ਬਾਹਰ ਸੜ੍ਹਕ ਤੋਂ ਦਿਖਾਈ ਦੇਣੇ ਚਾਹੀਦੇ ਹਨ। ਅਤੇ ਨਾਲ ਨਾਲ ਤਜੌਰੀ ਦੀ ਜਗ੍ਹਾ ਸਾਰੀ ਰਾਤ ਰੌਸ਼ਨੀ ਹੋਣੀ ਚਾਹੀਦੀ ਹੈ।
- ਤਜੌਰੀ ਦਾ ਭਾਰ ਚਾਹੇ ਜਿੰਨਾ ਵੀ ਹੋਵੇ ਉਸ ਨੂੰ ਬਿਲਡਿੰਗ ਦੇ ਢਾਂਚੇ ਦੇ ਨਾਲ ਜ਼ਰੂਰ ਕੱਸ ਕੇ ਰੱਖਣਾ ਚਾਹੀਦਾ ਹੈ।
- “ਕਪਬੋਰਡ ਨੂੰ ਖਾਲੀ” ਰੱਖੋ। ਜਦੋਂ ਤੁਸੀਂ “ਈ” ਪੱਧਰ ਦਾ ਬਰਗਲਰ ਰਜ਼ਸਿਟੈਂਟ ਮਨੀ ਬੌਕਸ ਵਰਤ ਰਹੇ ਹੋਵੋਂ ਉਸ ਵੇਲੇ ਘੱਟ ਤੋਂ ਘੱਟ ਨਕਦ ਰੱਖਣਾ ਚੰਗੀ ਗੱਲ ਹੋਵੇਗੀ। ਜ਼ਿਆਦਾ ਨਕਦ ਰਕਮ ਨੂੰ ਹਰ ਰੋਜ਼ ਬੈਂਕ ਵਿੱਚ ਜਮ੍ਹਾਂ ਕਰ ਦੇਵੋ।
- ਆਪਣੇ ਨਕਦੀ ਰਜਿਸਟਰ ਦਰਾਜ਼ ਰਾਤ ਨੂੰ ਖੁੱਲ੍ਹਾ ਅਤੇ ਖਾਲੀ ਛੱਡੋ।

- ਜੇ ਹੋ ਸਕੇ ਤਾਂ ਰਾਤ ਨੂੰ ਬਾਰੀ ਤੋਂ ਆਕਰਸ਼ਕ ਅਤੇ ਕੀਮਤੀ ਮਾਲ ਹਟਾ ਦਿਓ।
- ਖਤਰਾ ਘਟਾਉਣ ਲਈ ਸਿਖਲਾਈ ਦਿਓ। ਆਪਣੇ ਹਰ ਕਰਮਚਾਰੀ ਨੂੰ ਦੱਸੋ ਕਿ ਚੋਰੀ ਡਕੈਤੀ ਦੇ ਸਮ੍ਹੇਂ ਕੀ ਹੁੰਦਾ ਹੈ। ਉਹਨਾਂ ਨੂੰ ਸਿਖਲਾਈ ਦਿਓ ਕਿ ਘਟਨਾ ਦੇ ਸਮੇਂ ਦੇ ਸਮੇਂ ਕੀ ਕਰਨਾ ਚਾਹੀਦਾ ਹੈ।
- ਜਾਨ ਅਤੇ ਪੈਸਿਆਂ ਦੀ ਸੁਰੱਖਿਆ ਤੇ ਜ਼ੋਰ ਦਿਓ। ਹਰ ਕਰਮਚਾਰੀ ਨੂੰ ਤਾਕੀਦ ਦਿਓ ਕਿ ਤੁਹਾਨੂੰ "ਹੀਰੋ" ਨਹੀਂ ਚਾਹੀਦਾ। ਕਰਮਚਾਰੀ ਜਾਂ ਗਾਹਕ ਦੁਆਰਾ ਹੀਰੋਇਕ ਗਤੀਵਿਧੀਆਂ ਜਾਨ-ਲੇਵਾ ਗਲਤੀਆਂ ਹੋ ਸਕਦੀਆਂ ਹਨ। ਡਕੈਤ ਉਨੀਂ ਹੀ ਤੇਜ਼ੀ ਨਾਲ ਭੜਕਦਾ ਹੈ ਜਿੰਨੀ ਤੇਜ਼ੀ ਨਾਲ ਨਾਇਟ੍ਰੋ-ਗਲਿਸਰੀਨ ਦੀ ਬੋਤਲ। ਡਕੈਤ ਦੇ ਨਾਲ ਉਨੀਂ ਹੀ ਸਾਵਧਾਨੀ ਦੇ ਨਾਲ ਗੱਲ ਕਰੋ ਜਿੰਨੀ ਤੁਸੀਂ ਬਰੂਦ ਦੇ ਨਾਲ ਕਰਦੇ ਹੋ।
- ਨਕਦ ਜ਼ਿਆਦਾ ਨਾ ਵਧਾਓ। ਜ਼ਿਆਦਾ ਨਕਦ ਹੋਵੇ ਤਾਂ ਚੋਰ-ਡਕੈਤ ਆਕਰਸ਼ਿਤ ਹੁੰਦੇ ਹਨ। ਚੋਰੀ ਦੀ ਰੋਕ-ਥਾਮ ਦਾ ਸਰਵਉੱਤਮ ਤਰੀਕਾ ਹੈ ਸਟੋਰ ਵਿੱਚ ਘੱਟ ਤੋਂ ਘੱਟ ਨਕਦ ਰੱਖਣਾ। ਰੋਕ-ਥਾਮ ਦਾ ਇੱਕ ਹੋਰ ਤਰੀਕਾ ਹੈ ਕੈਮਰਾ ਜੋ ਚੋਰ-ਲੁਟੇਰਿਆਂ ਦੀ ਫੋਟੋ ਖਿਚਦਾ ਹੈ।
- ਬੈਂਕ ਵਿੱਚ ਰੋਜ਼ ਜਮ੍ਹਾ ਕਰੋ। ਵਿਕਰੀ ਦੇ ਘੰਟਿਆਂ ਵਿੱਚ ਆਪਣੇ ਰਜਿਸਟਰ ਵਿੱਚ ਦੇਖੋ, ਕਿੰਨਾਂ ਨਕਦ ਹੈ। ਦਿਨ ਵਿੱਚ ਕਈ ਵਾਰ ਹਰ ਇੱਕ ਰਜਿਸਟਰ ਤੋਂ ਵਾਧੂ ਨਕਦੀ ਹਟਾਓ।
- ਕੈਸ਼ੀਅਰ ਦਾ ਕੰਮ ਅਜਿਹੀ ਜਗ੍ਹਾ ਰੱਖੋ ਜੋ ਬਾਹਰ ਵਾਲੇ ਨੂੰ ਨਾ ਦਿਖਾਈ ਦੇਵੇ। ਪੈਸਾ ਦਿਖਣ ਕਰਕੇ ਜੁਰਮ ਦੀ ਭਾਵਨਾ ਜਾਗ ਸਕਦੀ ਹੈ। ਰਜਿਸਟਰ ਦਾ ਹਿਸਾਬ ਕਿਤਾਬ ਬੰਦ ਹੋਣ ਤੋਂ 1-2 ਘੰਟੇ ਪਹਿਲਾਂ ਕਰੋ - ਬੰਦ ਹੋਣ ਦੇ ਸਮ੍ਹੇਂ ਨਹੀਂ। ਇਹ ਅਸੂਲ ਬਣਾ ਲਵੋ ਕਿ ਤੁਸੀਂ ਆਪਣੀ ਤਜੌਰੀ ਕਾਰੋਬਾਰ ਦੇ ਘੰਟਿਆਂ ਦੇ ਦੌਰਾਨ ਵੀ ਜਿੰਦਾ ਲਾ ਕੇ ਰੱਖੋਂਗੇ।
- ਬੈਂਕ ਡਿਪੋਜ਼ਿਟ ਕਰਨ ਵੇਲੇ ਤੁਹਾਨੂੰ ਬੈਂਕ ਜਾਣ ਲਈ ਹਰ ਰੋਜ਼ ਨਵਾਂ ਰਸਤਾ ਲੈਣਾ ਚਾਹੀਦਾ ਹੈ ਅਤੇ ਜਮ੍ਹਾਂ ਕਰਨ ਦਾ ਸਮਾਂ ਵੀ ਬਦਲਦੇ ਰਹਿਣਾ ਚਾਹੀਦਾ ਹੈ। ਜਾਹਿਰ ਹੈ ਕਿ ਜਮ੍ਹਾਂ ਕਰਨ ਦਾ ਸਰਵਉੱਤਮ ਸਮ੍ਹਾਂ ਦਿਨ ਦੇ ਵੇਲੇ ਹੁੰਦਾ ਹੈ।
- ਤੁਹਾਨੂੰ ਆਪਣੇ ਘਰ ਤੋਂ ਸਟੋਰ ਆਉਣ-ਜਾਣ ਵਾਲਾ ਰਾਹ ਵੀ ਬਦਲਦੇ ਰਹਿਣਾ ਚਾਹੀਦਾ ਹੈ। ਆਪਣੇ ਸਟੋਰ ਦੀ ਚਾਬੀ ਅਲੱਗ ਛੱਲਿਆਂ ਵਿੱਚ ਰੱਖੋ। ਇਸ ਨਾਲ ਘੱਟ ਤੋਂ ਘੱਟ,ਤੁਸੀਂ ਗੱਡੀ ਜਾਂ ਨਿਜੀ ਚਾਬੀਆਂ ਦੇ ਗੁੰਮ ਹੋਣ ਤੇ ਮੁਸੀਬਤ ਵਿੱਚ ਨਹੀ ਪਵੋਂਗੇ।
- ਸਟੋਰ ਨੂੰ ਖੋਲ੍ਹਣਾ ਜਾਂ ਬੰਦ ਕਰਨਾ ਦੋ ਲੋਕਾਂ ਦਾ ਕੰਮ ਹੈ। ਜਦੋਂ ਤੁਸੀਂ ਆਪਣਾ ਸਟੋਰ ਖੋਲ ਰਹੇ ਹੋਵੋਂ ਉਦੋਂ ਇੱਕ ਵਿਅਕਤੀ ਨੂੰ - ਚਾਹੇ ਉਹ ਕਰਮਚਾਰੀ ਹੋਵੇ ਜਾਂ ਤੁਹਾਡਾ ਸਹਿਯੋਗੀ - ਉਸ ਨੂੰ ਬਾਹਰ ਖੜ੍ਹਾ ਰੱਖੋ ਜਿੱਥੋਂ ਉਹ ਤੁਹਾਡੀਆਂ ਗਤੀਵਿਧੀਆਂ ਨੂੰ ਦੇਖ ਸਕਦਾ/ਸਕਦੀ ਹੈ। ਤੁਸੀਂ ਸਟੋਰ ਵਿੱਚ ਜਾਓ, ਬਰਗਲਰ ਅਲਾਰਮ ਨੂੰ ਦੇਖੋ ਕਿ ਉਹ ਠੀਕ ਢੰਗ ਨਾਲ ਸੈੱਟ ਹੈ, ਉਸ ਤੋਂ ਬਾਅਦ ਸਟੋਰ ਵਿੱਚ ਘੁੰਮ-ਫਿਰ ਕੇ ਦੇਖੋ ਕਿ ਕਿਤੇ ਬਿਨ ਬੁਲਾਏ ਮਹਿਮਾਨਾਂ ਦੇ ਨਿਸ਼ਾਨ ਤਾਂ ਨਹੀਂ ਹਨ।

ਕੈਨੇਡਾ-ਓਨਟਾਰੀਓ ਬਿਜ਼ਨੈਸ ਸਰਵਿਸ ਸੈਂਟਰ (COBSC/CSECO) ਕੈਨੇਡਾ ਦੀਆਂ ਸਰਕਾਰੀ ਜਬਾਨਾਂ ਅੰਗਰੇਜ਼ੀ ਅਤੇ ਫਰਾਂਸੀਸੀ ਵਿੱਚ ਕਾਰੋਬਾਰੀ ਜਾਣਕਾਰੀ ਦਿੰਦਾ ਹੈ। ਸਾਡੇ ਸਭ ਤੋਂ ਵੱਧ ਉਪਯੋਗੀ ਦਸਤਾਵੇਜਾਂ ਵਿੱਚੋਂ ਕੁਝ ਇੱਕ ਦੀਆਂ ਕਾਪੀਆਂ ਦਾ ਨਿਮਰਤਾ ਵਜੋਂ ਹੋਰ ਜ਼ਬਾਨਾਂ ਵਿੱਚ ਅਨੁਵਾਦ ਕੀਤਾ ਗਿਆ ਹੈ। ਜੇ ਤੁਸੀਂ ਵਧੇਰੀ ਕਾਰੋਬਾਰੀ ਜਾਣਕਾਰੀ ਲੈਣਾ ਚਾਹੁੰਦੇ ਹੋ ਤਾਂ COBSC/CSECO ਇਨਫਾਰਮੇਸ਼ਨ ਅਫਸਰ ਨਾਲ ਗੱਲ ਕਰਨ ਲਈ ਕਿਰਪਾ ਕਰਕੇ 1-888-576-4444 ਤੇ ਕਾਲ ਕਰੋ।